# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

**ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ**

## ਜ਼ਰੂਰੀ ਸੂਚਨਾ

ਹੇਠ ਲਿਖੇ ਸੈਸ਼ਨਾਂ ਲਈ ਜਿੰਨਾਂ ਵਿਦਿਆਰਥੀਆਂ ਨੇ ਆਪਣੇ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫ਼ੀਸ ਭਰੀ ਹੈ ਅਤੇ ਪ੍ਰੀਖਿਆਵਾਂ ਅਜੇ ਬਾਕੀ ਹਨ ਦੀਆਂ ਪ੍ਰੀਖਿਆਵਾਂ ਜੋ 30.04.2021 ਨੂੰ ਕਰਵਾਈਆਂ ਜਾ ਰਹੀਆਂ ਹਨ ਬਾਰੇ ਹਦਾਇਤਾਂ:-

1. ਸਾਲਾਨਾ ਪ੍ਰਣਾਲੀ ਸੈਸ਼ਨ ਅਪ੍ਰੈਲ, 2020 ਅਤੇ ਅਪ੍ਰੈਲ, 2021 ਦੇ ਸਾਰੇ ਕੋਰਸ
2. ਬੀ.ਏ. ਐਡੀਸ਼ਨਲ ਅਪ੍ਰੈਲ, 2020 ਸਤੰਬਰ, 2020 ਅਤੇ ਅਪ੍ਰੈਲ, 2021
3. ਇੰਮਪਰੂਵਮੈਂਟ ਸਾਰੇ ਕੋਰਸ ਮਈ, 2020 (ਸਮੈਸਟਰ ਸਿਸਟਮ) ਦਸੰਬਰ, 2020 (ਸਮੈਸਟਰ ਸਿਸਟਮ) ਅਪ੍ਰੈਲ, 2020 (ਸਾਲਾਨਾ ਸਿਸਟਮ) ਅਪ੍ਰੈਲ, 2021 (ਸਾਲਾਨਾ ਸਿਸਟਮ)
4. ਸਾਰੇ ਕੋਰਸ ਡੈਫੀਸ਼ੈਟ ਪੇਪਰ ਮਈ, 2020 (ਸਮੈਸਟਰ ਸਿਸਟਮ) ਦਸੰਬਰ, 2020 (ਸਮੈਸਟਰ ਸਿਸਟਮ)
5. ਗੋਲਡਨ ਚਾਂਸ (ਸਾਲਾਨਾ ਪ੍ਰਣਾਲੀ) ਅਪ੍ਰੈਲ, 2020; ਮਈ, 2020 (ਸਮੈਸਟਰ ਪ੍ਰਣਾਲੀ) ਦਸੰਬਰ, 2020 (ਸਮੈਸਟਰ ਪ੍ਰਣਾਲੀ)
6. ਪ੍ਰਭਾਕਰ (ਸਾਲਾਨਾ ਪ੍ਰਣਾਲੀ) ਅਪ੍ਰੈਲ, 2021
7. ਗਿਆਨੀ (ਸਾਲਾਨਾ ਪ੍ਰਣਾਲੀ) ਅਪ੍ਰੈਲ, 2021
8. ਪੰਜਾਬੀ ਪ੍ਰਵੇਸ਼ਿਕਾ ਸਤੰਬਰ, 2020 ਅਤੇ ਅਪ੍ਰੈਲ, 2021

ਕੋਵਿਡ-19 ਮਹਾਂਮਰੀ ਦੀ ਮੌਜੂਦਾ ਸਥਿਤੀ ਦੇ ਮੱਦੇ-ਨਜ਼ਰ ਉਪਰੋਕਤ ਪ੍ਰੀਖਿਆਵਾਂ ਜੋ 30.04.2021 ਤੋਂ ਸ਼ੁਰੂ ਹੋ ਰਹੀਆਂ ਹਨ, ਬਾਰੇ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1) ਇਹ ਪ੍ਰੀਖਿਆਵਾਂ **ਆਨ-ਲਾਈਨ/ਆਫ-ਲਾਈਨ Blended Mode** ਰਾਹੀਂ ਹੀ ਕਰਵਾਈਆਂ ਜਾ ਰਹੀਆਂ ਹਨ।

2) ਪ੍ਰੀਖਿਆਵਾਂ ਲਈ ਡੇਟ-ਸ਼ੀਟਾਂ ਜਲਦੀ ਹੀ ਯੂਨੀਵਰਸਿਟੀ ਵੈਬਸਾਈਟ ਤੇ ਅਪਲੋਡ ਕਰ ਦਿੱਤੀਆਂ ਜਾਣਗੀਆਂ। ਇਹ ਪ੍ਰੀਖਿਆਵਾਂ ਦੋ ਸੈਸ਼ਨਾਂ ਵਿੱਚ ਕਰਵਾਈਆਂ ਜਾ ਸਕਦੀਆਂ ਹਨ। ਪਹਿਲਾ ਸੈਸ਼ਨ ਸਵੇਰ 09.30 ਵਜੇ ਤੋਂ ਬਾਅਦ ਦੁਪਹਿਰ 12.30 ਵਜੇ ਤੱਕ ਹੋਵੇਗਾ ਅਤੇ ਅਤੇ ਦੂਜਾ ਸੈਸ਼ਨ 02.00 ਵਜੇ ਤੋਂ ਸ਼ਾਮ 05.00 ਵਜੇ ਤੱਕ ਹੋਵੇਗਾ। ਸੈਸ਼ਨ ਸਬੰਧੀ ਜਾਣਕਾਰੀ ਸਬੰਧਿਤ ਡੇਟ-ਸ਼ੀਟ ਉਪਰ ਦਿੱਤੀ ਜਾਵੇਗੀ।

3) ਵਿਦਿਆਰਥੀਆਂ ਨੂੰ ਉਨਾਂ ਦੇ ਰੋਲ ਨੰਬਰ ਡਾਕ ਰਾਹੀਂ ਭੇਜ ਦਿੱਤੇ ਗਏ ਹਨ। ਜੇਕਰ ਕਿਸੇ ਵਿਦਿਆਰਥੀਆਂ ਨੂੰ ਪ੍ਰੀਖਿਆ ਸ਼ੁਰੂ ਹੋਣ ਤੋਂ 03 ਦਿਨ ਪਹਿਲਾਂ ਰੋਲ ਨੰਬਰ ਪ੍ਰਾਪਤ ਨਹੀਂ ਹੁੰਦੇ ਤਾਂ ਉਹ ਪ੍ਰੀਖਿਆ ਸ਼ਾਖਾ ਨਾਲ ਸੰਪਰਕ ਕਰਕੇ ਆਪਣਾ ਰੋਲ ਨੰਬਰ ਲੈ ਸਕਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀ ਆਪਣਾ ਰੋਲ ਨੰਬਰ ਇਸ ਲਿੰਕ ਤੇ http://pupdepartments.ac.in/puexam/t2/dsup/links.php ਕਲਿੱਕ ਕਰਨ ਤੋਂ ਬਾਅਦ ਜੋ ਪੇਜ਼ ਖੁੱਲ੍ਹੇਗਾ ਉਸਦੀ ਉਪਰਲੀ ਪੱਟੀ ਤੇ "Cut List" ਬਟਨ ਨੂੰ Click ਕਰਕੇ ਸਬੰਧਿਤ ਪੀ.ਡੀ.ਐਫ. ਫਾਈਲ ਵਿੱਚ ਸਰਚ ਆਪਸ਼ਨ ਵਿੱਚ ਆਪਣਾ ਰਜਿਸਟ੍ਰੇਸ਼ਨ ਨੰਬਰ ਭਰ ਕੇ ਰੋਲ ਨੰਬਰ ਚੈੱਕ ਕਰ ਸਕਦੇ ਹਨ।

4) ਪ੍ਰੀਖਿਆ ਵਾਲੇ ਦਿਨ ਡੇਟ-ਸ਼ੀਟ ਅਨੁਸਾਰ ਵਿਦਿਆਰਥੀ https://papers.pupexamination.ac.in ਨੂੰ ਕਲਿੱਕ ਕਰਕੇ ਪ੍ਰਸ਼ਨ-ਪੱਤਰ ਡਾਊਨਲੋਡ ਕਰਨਗੇ। ਇਸ ਤੋਂ ਇਲਾਵਾ ਵਿਦਿਆਰਥੀ http://pupdepartments.ac.in/puexam/results.html ਨੂੰ ਕਲਿੱਕ ਕਰਨ ਤੋਂ ਬਾਅਦ ਬਾਅਦ ਜੋ ਪੇਜ਼ ਖੁੱਲ੍ਹੇਗਾ ਉਸਦੀ ਉਪਰਲੀ ਪੱਟੀ ਤੇ "others" ਨੂੰ ਕਲਿੱਕ ਕਰਕੇ ਡਾਊਨਲੋਡ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੇਪਰ ਡਾਊਨਲੋਡ ਕਰਨ ਸਮੇਂ ਪੇਪਰ ਕੋਡ ਜੋ ਕਿ ਡੇਟ-ਸ਼ੀਟ ਉੱਪਰ ਦਰਸਾਇਆ ਗਿਆ ਹੈ ਅਨੁਸਾਰ ਪੇਪਰ ਡਾਊਨਲੋਡ ਕਰਨ। ਜੇਕਰ ਵਿਦਿਆਰਥੀ ਸਾਲਾਨਾ ਪ੍ਰਣਾਲੀ ਅਧੀਨ ਪ੍ਰੀਖਿਆ ਦੇ ਰਿਹਾ ਹੈ ਤਾਂ ਉਹ ਸਾਲਾਨਾ ਪ੍ਰਣਾਲੀ ਵਾਲੀ ਡੇਟ-ਸ਼ੀਟ ਦੇਖੇਗਾ ਅਤੇ ਜੇਕਰ ਉਹ ਸਮੈਸਟਰ ਪ੍ਰਣਾਲੀ ਅਧੀਨ ਪ੍ਰੀਖਿਆ ਦੇ ਰਿਹਾ ਹੈ ਤਾਂ ਸਬੰਧਿਤ ਡੇਟ-ਸ਼ੀਟ ਸਮੈਸਟਰ ਪ੍ਰਣਾਲੀ ਵਾਲੀ ਦੇਖੇਗਾ। ਡੇਟ-ਸ਼ੀਟਾਂ ਵਿੱਚ ਇੱਕੋ ਨਾਮ ਵਾਲੇ ਪੇਪਰ ਹੋ ਸਕਦੇ ਹਨ ਪਰ ਉਨਾਂ ਦਾ ਕੋਡ ਵੱਖ-ਵੱਖ ਹੋਵੇਗਾ। ਇਸ ਲਈ ਵਿਦਿਆਰਥੀ ਨੇ ਆਪਣੀ ਡੇਟ-ਸ਼ੀਟ ਅਨੁਸਾਰ ਪੇਪਰ ਦੇ ਕੋਡ ਅਨੁਸਾਰ ਹੀ ਪੇਪਰ ਡਾਊਨਲੋਡ ਕਰਕੇ ਹੱਲ ਕਰਨਾ ਹੈ।

5) ਪੇਪਰ ਹੱਲ ਕਰਨ ਲਈ 02.30 ਘੰਟੇ ਦਾ ਸਮਾਂ ਹੋਵੇਗਾ। ਇਸ ਤੋਂ ਇਲਾਵਾ ਉਮੀਦਵਾਰ ਨੂੰ ਪ੍ਰਸ਼ਨ-ਪੱਤਰ ਡਾਊਨਲੋਡ ਕਰਨ ਲਈ ਅੱਧਾ ਘੰਟਾ ਹੋਰ ਦਿੱਤਾ ਜਾਵੇਗਾ। ਇਸ ਅਨੁਸਾਰ ਪ੍ਰੀਖਿਆ ਦਾ ਸੈਸ਼ਨ ਕੁੱਲ 03 ਘੰਟਾ ਦਾ ਹੋਵੇਗਾ।

ਨੇਤਰਹੀਣ/ਅੰਗਹੀਣ ਵਿਦਿਆਰਥੀਆਂ ਨੂੰ ਪੇਪਰ ਹੱਲ ਕਰਨ ਲਈ ਨਿਯਮਤ ਸਮੇਂ ਨਾਲੋ 40 ਮਿੰਟ ਵਾਧੂ ਸਮਾਂ ਦਿੱਤਾ ਜਾਵੇਗਾ। ਨੇਤਰਹੀਣ/ਅੰਗਹੀਣ ਵਿਦਿਆਰਥੀ ਲਿਖਾਰੀ ਦਾ ਪ੍ਰਬੰਧ ਆਪ ਕਰੇਗਾ। ਕਿਸੇ ਵੀ ਕੋਰਸ ਵਿਚ ਜੇਕਰ ਕਿਸੇ ਪੇਪਰ ਦਾ ਸਮਾਂ 2 ਘੰਟੇ ਤੋਂ ਘੱਟ ਨਿਸ਼ਚਿਤ ਹੈ ਤਾਂ ਉਹ ਵਿਦਿਆਰਥੀ ਆਪਣਾ ਪੇਪਰ ਪਹਿਲਾਂ ਵਾਲੇ ਨਿਰਧਾਰਤ ਸਮੇਂ ਵਿਚ ਹੀ ਹੱਲ ਕਰਨਗੇ।

6) ਹਰੇਕ ਵਿਦਿਆਰਥੀ ਨੇ ਪ੍ਰਸ਼ਨ-ਪੱਤਰ ਹਲ ਕਰਨ ਲਈ A4 (ਏ-4) ਸ਼ੀਟ ਦੇ ਵੱਧ ਤੋਂ ਵੱਧ 16 ਸ਼ੀਟਾਂ ਦੀ ਵਰਤੋਂ ਕਰਨੀ ਹੈ। ਉਮੀਦਵਾਰ ਹਰ ਪੰਨੇ ਦੇ ਇਕ ਪਾਸੇ ਹੀ ਲਿਖੇਗਾ ਅਤੇ ਨੱਥੀ ਨਮੂਨਾ ਉੱਤਰ-ਸ਼ੀਟ ਦੇ ਅਨੁਸਾਰ ਕਲਾਸ/ਰੋਲ ਨੰਬਰ/ਵਿਸ਼ਾ/ਮੀਡੀਅਮ/ਵਰਤੇ ਗਏ ਪੰਨੇ/ਮਿਤੀ ਬਾਰੇ ਲਿਖੇਗਾ ਅਤੇ ਆਪਣੇ ਦਸਤ਼ਖਤ ਕਰੇਗਾ। ਵਿਦਿਆਰਥੀ ਵੱਲੋਂ ਪੇਪਰ ਹੱਲ ਕਰਨ ਲਈ ਸਿਰਫ ਨੀਲੇ ਬਾਲ ਪੈਨ ਦੀ ਵਰਤੋਂ ਹੀ ਕੀਤੀ ਜਾਵੇ। ਵਿਦਿਆਰਥੀ ਸ਼ੀਟ ਦੇ ਪਹਿਲੇ ਪੰਨੇ ਤੇ ਵਰਤੋਂ ਵਿਚ ਲਿਆਂਦੇ ਕੁੱਲ ਪੰਨੇ ਦਰਸਾਏਗਾ। ਵਿਦਿਆਰਥੀ ਵੱਲੋਂ ਹੱਲ ਕੀਤੇ ਆਖਰੀ ਉੱਤਰ-ਸ਼ੀਟ ਤੇ ਤਸਦੀਕ ਕੀਤਾ ਜਾਵੇ **ਕਿ ਇਹ ਪੇਪਰ ਮੇਰਾ ਖੁਦ ਦਾ ਹੱਥ-ਲਿਖਤ ਹੈ**। ਵਿਦਿਆਰਥੀ ਹਰੇਕ ਪੰਨੇ ਤੇ ਕ੍ਰਮ ਅਨੁਸਾਰ ਪੰਨਾ ਨੰਬਰ ਲਿਖੇਗਾ। ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਨਮੂਨਾ ਸ਼ੀਟ ਦੇ ਮੁਤਾਬਿਕ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਉੱਤਰ-ਪੰਨੇ ਦਿੱਤੇ ਗਏ ਫਾਰਮੇਟ ਦੇ ਅਨੁਸਾਰ ਤਿਆਰ ਕਰਕੇ ਰੱਖ ਲੈਣ।

7) ਹਰੇਕ ਵਿਦਿਆਰਥੀ ਵੱਲੋਂ ਪ੍ਰਸ਼ਨ-ਪੱਤਰ ਦੇ ਕੁਲ ਪ੍ਰਸ਼ਨਾਂ ਦਾ 50 ਪ੍ਰਤੀਸ਼ਤ ਪੇਪਰ ਹਲ ਕਰਨਾ ਹੋਵੇਗਾ। ਜੇਕਰ ਕੁਲ ਪ੍ਰਸ਼ਨ ਦਾ ਅੱਧ ਦਸ਼ਮਲਵਾਂ (0.5) ਵਿੱਚ ਆਉਂਦਾ ਹੈ ਤਾਂ ਇਸ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਉਦਾਹਰਣ ਦੇ ਤੌਰ ਤੇ ਜੇਕਰ ਪ੍ਰਸ਼ਨ-ਪੱਤਰ ਵਿੱਚ ਕੁਲ ਪ੍ਰਸ਼ਨ 9 ਜਾਂ 7 ਹਨ ਤਾਂ ਕ੍ਰਮਵਾਰ 4 ਅਤੇ 3 ਪ੍ਰਸ਼ਨਾਂ ਦਾ ਜਵਾਬ ਉਮੀਦਵਾਰ ਵੱਲੋਂ ਦਿੱਤਾ ਜਾਵੇਗਾ। ਸਾਰੇ ਪ੍ਰਸ਼ਨਾਂ ਦੇ ਨੰਬਰ ਇੱਕੋ-ਜਿਹੇ ਹੋਣਗੇ। ਪ੍ਰਸ਼ਨ-ਪੱਤਰ ਦੇ ਸੈਕਸ਼ਨ ਸਬੰਧੀ ਹਦਾਇਤਾਂ ਜੇਕਰ ਕੋਈ ਹੋਵੇ, ਨਜ਼ਰ-ਅੰਦਾਜ਼ ਕਰ ਦਿੱਤੀਆਂ ਜਾਣ। ਪ੍ਰਸ਼ਨ-ਪੱਤਰ ਉੱਪਰ ਦਰਸਾਏ ਕੁਲ ਅੰਕ ਉਹੀ ਰਹਿਣਗੇ।

8) ਪੇਪਰ ਹੱਲ ਕਰਨ ਤੋਂ ਬਾਅਦ ਉਮੀਦਵਾਰ ਉਸੇ ਦਿਨ ਹੀ ਆਪਣੀ ਉੱਤਰ-ਕਾਪੀ ਸਪੀਡ ਪੋਸਟ ਜਾਂ ਰਜਿਸਟਰਡ ਡਾਕ ਰਾਹੀਂ ਸਹਾਇਕ ਰਜਿਸਟਰਾਰ, ਸੀਕਰੇਸੀ ਬ੍ਰਾਂਚ, ਪ੍ਰੀਖਿਆ ਸ਼ਾਖਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 147002 ਨੂੰ ਭੇਜਣਗੇ। ਜੇਕਰ ਪ੍ਰੀਖਿਆ ਸ਼ਾਮ ਦੇ ਸੈਸ਼ਨ ਵਿੱਚ ਹੋ ਰਹੀ ਹੈ ਜਾਂ ਪ੍ਰੀਖਿਆ ਵਾਲੇ ਦਿਨ ਡਾਕ ਘਰ ਬੰਦ ਹੈ ਤਾਂ ਵਿਦਿਆਰਥੀ ਆਪਣੀ ਉੱਤਰ-ਕਾਪੀ ਅਗਲੇ ਇੱਕ ਕਾਰਜਕਾਰੀ ਦਿਨ ਵਿੱਚ ਉਪਰੋਕਤ ਪਤੇ ਤੇ ਭੇਜ ਸਕਦਾ ਹੈ। ਵਿਦਿਆਰਥੀ ਆਪਣੀ ਉੱਤਰ-ਕਾਪੀ ਸੀਕਰੇਸੀ ਬ੍ਰਾਂਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਦਸਤੀ ਵੀ ਉਕਤ ਸਮੇਂ ਅਨੁਸਾਰ ਜਮ੍ਹਾਂ ਕਰਵਾ ਸਕਦਾ ਹੈ। ਇਸ ਤੋਂ ਇਲਾਵਾ ਹੋਰ ਕਿਸੇ ਢੰਗ ਨਾਲ ਜਾਂ ਉਕਤ ਸਮੇਂ ਤੋਂ ਬਾਅਦ ਭੇਜੀ ਗਈ ਉੱਤਰ ਕਾਪੀ ਦਾ ਮੁਲਾਂਕਣ ਨਹੀਂ ਕਰਵਾਇਆ ਜਾਵੇਗਾ।

9) ਪ੍ਰੀਖਿਆਵਾਂ ਸਬੰਧੀ ਸਮੇਂ-ਸਮੇਂ ਜਾਰੀ ਗਾਈਡਲਾਈਨਜ਼ ਲਈ ਵਿਦਿਆਰਥੀ ਯੂਨੀਵਰਸਿਟੀ ਵੈਬਸਾਈਟ ਨੂੰ ਸਮੇਂ-ਸਮੇਂ ਦੇਖਣਾ ਉਨਾਂ ਲਈ ਲਾਜ਼ਮੀ ਹੋਵੇਗਾ।

10) ਉਕਤ ਪ੍ਰੀਖਿਆਵਾਂ ਦੀਆਂ ਉੱਤਰ-ਕਾਪੀਆਂ ਲਈ ਪੁਨਰ-ਮੁਲਾਂਕਣ, ਰੀ-ਚੈਕਿੰਗ ਦੀ ਸੁਵਿਧਾ ਨਹੀਂ ਹੋਵੇਗੀ।

11) ਜਿਸ ਵਿਦਿਆਰਥੀ ਨੇ ਇਨਾਂ ਪ੍ਰੀਖਿਆਵਾਂ ਲਈ ਪ੍ਰੀਖਿਆ ਫ਼ੀਸ ਅਤੇ ਫ਼ਾਰਮ ਜਮ੍ਹਾਂ ਕਰਵਾਇਆ ਹੈ ਪ੍ਰੰਤੂ ਉਹ ਕੰਟੇਨਮੈਂਟ ਏਰੀਆਂ ਵਿੱਚ ਰਹਿਣ ਜਾਂ ਕੋਰੋਨਾ ਪੋਜੀਟਵ ਹੋਣ ਕਾਰਨ ਪ੍ਰੀਖਿਆ ਨਹੀਂ ਦੇ ਸਕਦਾ ਤਾਂ ਉਹ ਇਸ ਬਾਰੇ ਯੂਨੀਵਰਸਿਟੀ, ਵਿਭਾਗ ਜਾਂ ਸਬੰਧਿਤ ਕਾਲਜ ਨੂੰ ਲਿਖਤੀ ਜਾਂ ਈਮੋਡ ਰਾਹੀਂ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਸੂਚਿਤ ਕਰਦਾ ਹੈ ਤਾਂ ਅਜਿਹੇ ਵਿਦਿਆਰਥੀ ਅਗਲੀਆਂ ਹੋਣ ਵਾਲੀਆਂ ਪ੍ਰੀਖਿਆਵਾਂ ਵਿੱਚ ਬੈਠ ਸਕਦੇ ਹਨ।

12) ਉੱਤਰ-ਸ਼ੀਟ ਦੀ ਨਮੂਨਾ ਕਾਪੀ ਨਾਲ ਨੱਥੀ ਹੈ।

**ਕੰਟਰੋਲਰ (ਪ੍ਰੀਖਿਆਵਾਂ)**

ਕਲਾਸ........................ਰੋਲ ਨੰ: ਸ਼ਬਦਾਂ ਵਿੱਚ .................. ਅੱਖਰਾਂ ਵਿੱਚ..............................................

ਵਿਸ਼ਾ...............................ਪੇਪਰ/ਆਪਸ਼ਨ...............................................ਮੀਡੀਅਮ.......................

ਮਿਤੀ......................ਵਰਤੇ ਗਏ ਕੁਲ ਪੰਨੇ.............. ਵਿਦਿਆਰਥੀ ਦੇ ਦਸਤਖਤ..........................................